International Journal of Applied Research 2015; 1(13): 608-610



International Journal of Applied Research

**ISSN Print:** 2394-7500
**ISSN Online:** 2394-5869
**Impact Factor:** 5.2
IJAR 2015; 1(13): 608-610
www.allresearchjournal.com
Received: 15-10-2015
Accepted: 09-11-2015

**Dr. Rachhpal Singh Uppal**
Guru Nanak Khalsa College,
Abohar, Punjab, India

**Correspondence**
**Dr. Rachhpal Singh Uppal**
Guru Nanak Khalsa College,
Abohar, Punjab, India

# ਸਮਕਾਲੀ ਪੰਜਾਬੀ ਕਵਿਤਾ ਵਿਚ ਨਾਰੀ ਸਰੋਕਾਰ

## Dr. Rachhpal Singh Uppal

## Introduction

ਪੰਜਾਬੀ ਸਾਹਿਤ ਦੇ ਮੁੱਢਲੇ ਉਸਰਈਆਂ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਔਰਤ ਸੰਬੰਧੀ ਅਨੇਕਾਂ ਪੱਖਾਂ ਤੇ ਸਿਰਜਣਕਾਰੀ ਹੁੰਦੀ ਆ ਰਹੀ ਹੈ। ਸਵਿਤਰੀ ਤੋਂ ਲੈ ਕੇ ਚੰਡੀ ਤੱਕ ਦੇ ਰੂਪ ਸਾਹਿਤਕਾਰੀ ਦਾ ਹਿੱਸਾ ਬਣਦੇ ਰਹੇ ਹਨ। ਇਹ ਸਵੀਕਾਰਨ ਵਿੱਚ ਕੋਈ ਆਪੱਤੀ ਨਹੀਂ ਕਿ ਪੰਜਾਬੀ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਦਾ ਦਰਜ਼ਾ ਹਾਸ਼ੀਏ ਤੇ ਰਿਹਾ ਹੈ। ਇਹੀ ਕਾਰਨ ਹੈ ਕਿ ਨਾਰੀ ਲੇਖਕਾਂ ਦੇ ਨਾਲ-ਨਾਲ ਮਰਦ ਲੇਖਕਾਂ ਨੇ ਵੀ ਨਾਰੀ ਦੀ ਆਵਾਜ਼ ਨੂੰ ਬੁਲੰਦ ਕਰਨ ਦਾ ਤਹੱਈਆ ਕੀਤਾ ਹੈ। ਅਜਿਹੀਆਂ ਸੰਭਾਵਨਾਵਾਂ ਵਿੱਚੋਂ ਹੀ ਨਾਰੀ ਚੇਤਨਾ ਨਾਰੀਵਾਦ, ਨਾਰੀ ਅਲੋਚਨਾ, ਨਾਰੀ ਸੰਵੇਦਨਾ ਆਦਿ ਸੰਕਲਪ ਉਦੈ ਹੋਏ ਹਨ।

ਭਾਰਤ ਵਰਗੇ ਮੁਲਕ ਵਿੱਚ ਨਾਰੀ ਨੂੰ ਅਨੇਕਾਂ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਹੈ, ਵਿਕਾਸਸ਼ੀਲ ਲੀਹਾਂ ਤੇ ਚੱਲ ਰਹੇ ਮੁਲਕ ਵਿਚ ਅਜੇ ਵੀ ਦਾਜ, ਭਰੂਣ ਹੱਤਿਆ, ਬਾਲ ਵਿਆਹ ਆਦਿ ਵਰਗੀਆਂ ਸਮਾਜਿਕ ਅਲਾਮਤਾਂ ਤੋਂ ਪੂਰੀ ਤਰ੍ਹਾਂ ਛੁਟਕਾਰਾ ਨਹੀਂ ਮਿਲਿਆ। ਪਰਿਵਾਰਕ ਜਕੜਬੰਦੀਆਂ ਇਸ ਤੋਂ ਅਗਲੇਰਾ ਰੂਪ ਹਨ। ਮਰਦ ਨਾਲ ਮੋਢਾ ਜੋੜ ਕੇ ਕਾਰਜ ਕਰ ਰਹੀ ਔਰਤ ਲਈ ਅਜੇ ਸੁਖਾਵਾਂ ਮਾਹੌਲ ਪੈਦਾ ਨਹੀਂ ਹੋਇਆ:-

ਸਵੇਰੇ ਥੱਕੀ ਟੁੱਟੀ ਜਾਗਦੀ ਹਾਂ
ਸੰਤਾਪਾਂ ਦੇ ਲੱਦੇ ਬੋਝਲ ਰੱਬ ਵਾਂਗ
ਆਪਣੇ ਆਪ ਨੂੰ ਘੜੀਸਦੀ
ਮੈਂ ਨੌਂਕਰੀ ਕਰਨ ਲਈ ਜਾਂਦੀ ਹਾਂ
ਅਨੇਕਾਂ ਤੋਹਮਤਾਂ ਮੱਥੇ ਤੇ ਲਿਖਾ ਕੇ
ਪਰਤਦੀ ਹਾਂ.....................।[1]

ਨਾਰੀ ਚਿੰਤਕਾਂ ਨੇ ਪਿੱਤਰ ਸੱਤਾ ਪ੍ਰਬੰਧ ਨੂੰ ਦਮਨ ਦਾ ਵੱਡਾ ਕਾਰਨ ਮੰਨਿਆਂ ਹੈ। ਅਜੋਕੇ ਦੌਰ ਵਿੱਚ ਇਸ ਦਮਨ ਦੇ ਰੂਪ, ਬਦਲਵੇਂ ਰੂਪ ਵਿੱਚ ਸਾਹਮਣੇ ਆ ਰਹੇ ਹਨ। ਪਿੱਤਰ ਸੱਤਾ ਦੀ ਪਕੜ ਇਤਨੀ ਮਜ਼ਬੂਤ ਹੈ ਕਿ ਇਸ ਤੋਂ ਅਜ਼ਾਦ ਹੋਣ ਲਈ ਅਜੇ ਹੋਰ ਸਮੇਂ ਦੀ ਜ਼ਰੂਰਤ ਭਾਸਦੀ ਹੈ:-

ਮੈਂ ਹਰ ਜਨਮ ਵਿਚ
ਸੀਤਾ ਦੀ ਜੂਨ ਵਿਚ
ਬੇਮੁਕਤ ਭਟਕਦੀ ਹਾਂ
ਫਿਰ ਜੀਉਂਦੀ ਹਾਂ
ਫਿਰ ਮਰਦੀ ਹਾਂ
ਤੇ ਫਿਰ---------
ਪਰ ਪਤਾ ਨਹੀਂ ਕਦੋਂ ਪੂਰਾ ਹੋਣਾ ਏਂ
ਚੋਰਾਸੀ ਲੱਖ ਜੂਨਾਂ ਦਾ ਗੇੜ।[2]

ਸਮਾਜਕ ਕਦਰਾਂ ਕੀਮਤਾਂ, ਸੰਸਕਾਰਾਂ 'ਚ ਜਕੜੀ ਨਾਰੀ ਦੁਚਿੱਤੀ ਦਾ ਸ਼ਿਕਾਰ ਬਣੀ ਰਹਿੰਦੀ ਹੈ। ਮਨੋਵਿਗਿਆਨਕ ਪੱਧਰ ਤੇ ਇਹ ਦੁਬਿਧਾਜਨਕ ਸਥਿਤੀ ਖਲਨ ਪੈਦਾ ਕਰਦੀ ਹੈ। ਮਨਜੀਤ ਟਿਵਾਣਾ ਰਚਿਤ 'ਸੱਦਾ' ਨਜ਼ਮ ਦੀਆਂ ਨਿਮਨਲਿਖਤ ਕਾਵਿ-ਸਤਰਾਂ ਇਸ ਵੱਲ ਇਸ਼ਾਰਾ ਕਰਦੀਆਂ ਹਨ:-

ਰੀਤ
ਰਿਵਾਜ਼
ਜ਼ੇਲ
ਕੈਦ
ਤਿੱਥ
ਤਿਉਹਾਰ
ਮੈਂ ਲਛਮਣ ਰੇਖਾ ਤੋੜਦਿਆਂ, ਕਿ ਤੁਰ ਜਾਵਾਂ ?[3]

ਇੰਜ ਹੀ ਅੱਗੇ ਜਾ ਕੇ ਮਨਜੀਤ ਟਿਵਾਣਾ ਲਿਖਦੀ ਹੈ ਕਿ ਇਹ ਸੰਸਾਰਕ ਪ੍ਰਤੀਬਿੰਬ ਉਸਨੂੰ ਕਰੋੜਾਂ ਸਾਲਾਂ ਦਾ ਸੰਤਾਪ ਜਾਪਦੇ ਹਨ:-

ਕ੍ਰੋੜਾਂ ਸਾਲ
ਹਜ਼ਾਰਾਂ ਸਾਲ
ਸੌ ਸਾਲ
ਇਕ ਸਾਲ
ਮੈਂ ਕੱਲ੍ਹ ਦੀ ਉਡੀਕ ਕਰਾਂ ਕਿ ਤੁਰ ਜਾਵਾਂ?[4]

ਇਸ ਸਮਾਜ ਵਿਚ ਚੇਤੰਨ ਔਰਤ ਆਪਣੇ ਆਲੇ-ਦੁਆਲੇ ਵਿੱਚ ਵਾਪਰ ਰਹੇ ਵਰਤਾਰੇ ਪ੍ਰਤੀ ਸੁਚੇਤ ਵੀ ਹੈ। ਉਹ ਪੁਰਸ਼ ਪ੍ਰਧਾਨ ਸਮਾਜ ਦੇ ਸਿਰਜੇ ਗਏ ਅਣਮਨੁੱਖੀ ਵਰਤਾਰੇ ਨੂੰ ਨਕਰਾਦੀ ਵੀ ਨਜ਼ਰ ਆਉਂਦੀ ਹੈ। ਸੁਖਵਿੰਦਰ ਅੰਮ੍ਰਿਤ ਵਰਗੀ ਪ੍ਰਤਿਭਾਵਾਨ ਕਵਿਤਰੀ ਇਸ ਸੌੜੀ ਮਾਨਸਿਕਤਾ ਨੂੰ ਵੰਗਾਰਦੀ ਹੈ। ਉਹ ਆਪਣੀ ਹੋਂਦ ਸਥਾਪਤੀ ਲਈ ਸੰਘਰਸਸ਼ੀਲ ਮਾਹੌਲ ਸਿਰਜਣ ਦੀ ਇਛੁੱਕ ਹੈ। ਉਸ ਦਾ ਵਿਚਾਰ ਹੈ ਕਿ ਆਤਮ ਵਿਸ਼ਵਾਸ ਨਾਲ ਲਬਰੇਜ਼ ਹੋ ਕੇ ਹੀ ਅਜਿਹੇ ਸਮਾਜ ਨਾਲ ਨਿਪਟਿਆ ਜਾ ਸਕਦਾ ਹੈ। ਸੁਖਵਿੰਦਰ ਅੰਮ੍ਰਿਤ ਰਚਿਤ ਹੇਠ ਲਿਖਤ ਕਾਵਿ ਬੋਲ ਸਿਰਫ਼ ਹਵਾਲਾ ਮਾਤਰ ਹਨ:-

ਬਹੁਤ ਨੀਵਾਂ ਸੀ ਜ਼ਮਾਨੇ ਦਾ ਆਕਾਸ਼
ਬਹੁਤ ਉੱਚੀਆਂ ਸੀ ਉਡਾਨਾਂ ਮੇਰੀਆਂ
ਮੈਂ ਅਜੇ ਲੱਖਾਂ ਹੀ ਦੀਵੇ ਬਾਲਣੇ
ਆਉਂਣੀਆਂ ਚੜ੍ਹ ਕੇ ਹਜ਼ਾਰਾਂ ਨੇਰ੍ਹੀਆਂ।[5]

ਅਜੋਕੀ ਔਰਤ ਭਾਵੇਂ ਬੰਧਨਾ ਨੂੰ ਕਬੂਲਣ ਲਈ ਤਿਆਰ ਨਹੀਂ ਪਰ ਫਿਰ ਵੀ ਅਣਚਾਹਿਆ ਜਰਨਾ ਪੈ ਰਿਹਾ ਹੈ। ਅਜਿਹੇ ਅਣਚਾਹੇ ਸਿਸਟਮ ਵਿੱਚ ਵਿਆਹ ਵਰਗਾ ਪਾਕ ਰਿਸ਼ਤਾ ਵੀ ਵਿਵਾਦ ਦਾ ਹਿੱਸਾ ਬਣਦਾ ਜਾ ਰਿਹਾ ਹੈ। ਵਿਆਹ ਪ੍ਰਬੰਧ ਵਿੱਚ ਮਾਪਿਆਂ ਦੀ ਪ੍ਰਵਾਨਗੀ ਤੇ ਰਜ਼ਾਮੰਦੀ ਅੱਜ ਵੀ ਜ਼ਰੂਰੀ ਮੰਨੀ ਜਾਂਦੀ ਹੈ। ਔਰਤ ਦੀ ਮਰਜ਼ੀ ਜਾਂ ਇੱਛਾ ਦੀ ਅਜੇ ਪੂਰੀ ਤਰ੍ਹਾਂ ਸੁਣਵਾਈ ਹੋਣੀ ਬਾਕੀ ਹੈ। ਵਨੀਤਾ ਅਜਿਹੇ ਪ੍ਰਬੰਧ ਤੇ ਇੰਜ ਟਿੱਪਣੀ ਕਰਦੀ ਹੈ:-

ਇਸ਼ਕ ਦਾ ਅਭਿਮੰਨਯੂ
ਚੱਕਰ ਵਿਊ ਵਿਚ ਘੁੰਮਦਾ ਰਿਹਾ
ਵਿਆਹ ਮਨੂੰ ਤੋਂ ਪਹਿਰੇਦਾਰੀਆਂ ਪਾਲਦਾ ਰਿਹਾ
ਲਾਸ਼ਾਂ ਦਾ ਜੋੜਾ
ਬੰਦ ਕਮਰਿਆਂ 'ਚ ਠਰਦਾ ਰਿਹਾ
ਇਸ਼ਕ ਸਹੁਾਗ ਦਾ ਕਫ਼ਨ ਪਾਉਂਦਾ ਰਿਹਾ
ਇਸ਼ਕ ਕਦੇ ਹੱਸ ਨਾ ਸਕਿਆ
ਪਿਆਰ ਕਦੇ ਵੱਸ ਨਾ ਸਕਿਆ।[6]

ਖਪਤ ਸਭਿਆਚਾਰ ਵਿੱਚ ਔਰਤ ਨਿਰੋਲ ਉਪਭੋਗ ਦੀ ਵਸਤੂ ਬਣਦੀ ਜਾ ਰਹੀ ਹੈ। ਮੰਡੀ, ਮੀਡੀਆ ਚਕਾਚੌਂਧ ਭਰੀ ਜ਼ਿੰਦਗੀ ਸਿਰਜ ਕੇ ਸੁਪਨਿਆਂ ਦਾ ਭਰਮ ਜਾਲ ਸਿਰਜ ਰਹੀ ਹੈ। ਮੰਡੀ ਨੇ ਮਨੁੱਖੀ ਭਾਸ਼ਾ ਵਿੱਚ ਵੀ ਤਬਦੀਲੀ ਲਿਆਂਦੀ ਹੈ। ਮੀਡੀਆ ਵਿੱਚ ਚੈਨਲਾਂ ਦੀ ਟੀ. ਆਰ.ਪੀ. ਨੂੰ ਔਰਤ ਦੇ ਅਸਤਿਤਵ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਜ਼ਾਹਿਰ ਤੌਰ ਤੇ ਅਜਿਹੀ ਜੀਵਨ ਸ਼ੈਲੀ ਨੇ ਪੰਜਾਬੀ ਕਵੀਆਂ ਨੂੰ ਵੀ ਪ੍ਰਭਾਵਿਤ ਕੀਤਾ ਹੈ:-

ਛਾਤੀ ਦੇ ਖੱਬੇ ਪਾਸੇ
ਤੇ ਅੱਖਾਂ ਦੇ ਉਤਲੇ ਹਿੱਸੇ ਨੂੰ ਛੱਡ
ਸਾਰੇ ਦਾ ਸਾਰਾ ਵਜ਼ੂਦ
ਟੀ.ਆਰ.ਪੀ।
ਬੁੱਢੀ ਹੁੰਦੀ, ਪਰ ਨਾ ਮਰਦੀ
ਬਸ ਛਿਣ ਪਲ ਦੀ ਬਾਲ ਉਮਰ
ਭਰ ਜੁਆਨ ਰਹੀ ਸਦਾ
ਟੀ.ਆਰ.ਪੀ.।[7]

ਇਸ ਨਵੀਂ ਕਵਿਤਾ ਬਾਰੇ ਡਾ. ਸੁਰਜੀਤ ਲਿਖਦਾ ਹੈ: " ਨਵੀਂ ਕਵਿਤਾ ਵਰਤਮਾਨ ਉਪਭੋਗੀ ਸਭਿਆਚਾਰ ਦੇ ਫੈਲਾਉ, ਵਿਅਕਤੀ ਦੀ ਹਸਤੀ ਬਜਾਇ ਮੰਡੀ, ਮੁੱਲ ਦਾ ਹਾਣੀ ਹੋਣਾ ਅਤੇ ਭਾਸ਼ਾ ਨੂੰ ਪਾਰਦਰਸ਼ੀ ਸੂਚਨਾਤਮਕ ਮਾਧਿਅਮ ਬਣਾ ਦਿੱਤਾ ਜਾਣ ਦੀ ਪ੍ਰਤਿਕ੍ਰਿਆ ਵਿਚ ਇਕ ਅਜਿਹਾ ਕਾਵਿ ਸਿਰਜਦੀ ਹੈ। ਜਿਸ ਵਿਚ ਭਾਸ਼ਾ ਪ੍ਰਕ੍ਰਿਤੀ, ਮਨੁੱਖ ਤੇ ਸਭਿਆਚਾਰ ਦੀ ਪਦਾਰਥਕਤਾ ਨੂੰ ਉਭਾਰਿਆ ਹੁੰਦਾ ਹੈ।" 8
ਅਜੋਕੇ ਦੌਰ ਵਿੱਚ ਔਰਤ ਬਰਾਬਰਤਾ ਦਾ ਭਰਮ ਜਾਲ ਸਿਰਜ ਕੇ ਔਰਤ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਰਮ ਸਿੰਘ 'ਜ਼ਖਮੀ' ਅਨੁਸਾਰ ਅਜੇ ਵੀ ਔਰਤ ਦਾ ਮੁੱਲ ਪਸ਼ੂਆਂ ਡੰਗਰਾਂ ਵਾਂਗ ਹੀ ਹੈ:-

ਆਖਣ ਨੂੰ ਹੀ ਔਰਤ, ਮਰਦ ਬਰਾਬਰ ਹੈ
ਮੁੱਲ ਅਜੇ ਵੀ ਪੈਂਦਾ ਮੱਝਾਂ ਗਾਵਾਂ ਵਾਂਗ

ਤ੍ਰੈਲੋਚਣ ਲੋਚੀ ਦੇ ਕਾਵਿ-ਸ਼ਬਦਾਂ ਅਨੁਸਾਰ:-

ਹੁਣ ਨਾ ਪੈਂਦੀ ਧੀ ਨੂੰ ਲੋੜ ਸਵੰਬਰ ਦੀ
ਮੰਡੀ 'ਚੋਂ ਹੀ ਲਭ ਬਥੇਰੇ ਵਰ ਜਾਂਦੇ [10]

ਉਪਰੋਕਤ ਵਿਚਾਰ ਚਰਚਾ ਵਿੱਚ ਨਾਰੀ ਸੰਬੰਧੀ ਕੁਝ ਕੁ ਨੁਕਤਿਆਂ ਨੂੰ ਵਿਚਾਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਉਂਜ ਨਾਰੀ ਸਰੋਕਾਰਾਂ ਦੀ ਨਿਸ਼ਾਨਦੇਹੀ ਕਰਨੀ ਕੋਈ ਸੁਖਾਲਾ ਕਾਰਜ ਨਹੀਂ ਕਿਉਂਕਿ ਇਸ ਦੇ ਵਿਰਾਟ ਰੂਪ ਨੂੰ ਖੋਜ ਪੱਤਰ ਵਿੱਚ ਸਮੇਟਣਾ ਅਸੰਭਵ ਹੈ। ਸਮੇਂ ਦੀ ਮੰਗ ਹੈ ਕਿ ਨਾਰੀ ਦੇ ਅਸਤਿੱਤਵ ਦੀ ਸਹੀ ਪੁਣ-ਛਾਣ ਕੀਤੀ ਜਾਵੇ।

**ਹਵਾਲੇ ਤੇ ਟਿੱਪਣੀਆਂ**


1. ਮਨਜੀਤ ਟਿਵਾਣਾ, ਦਰਗਾਹ, ਪੰਨਾ:11
2. ਪਾਲ ਕੌਰ, ਖਲਾਅਵਾਸੀ, ਪੰਨਾ: 118
3. ਮਨਜੀਤ ਟਿਵਾਣਾ, ਇਲਹਾਮ, ਪੰਨਾ: 38
4. ਉਹੀ, ਪੰਨਾ: 39
5. ਸੁਖਵਿੰਦਰ ਅੰਮ੍ਰਿਤ, ਪਤਝੜ ਵਿਚ ਪੁੰਗਰਦੇ ਪੱਤੇ, ਪੰਨਾ ਨੰ:44
6. ਵਨੀਤਾ, ਸੁਪਨਿਆਂ ਦੀ ਪਗਡੰਡੀ, ਪੰਨਾ: 30
7. ਪਾਲ ਕੌਰ, ਟੀ.ਆਰ.ਪੀ, ਸਮਕਾਲੀ ਸਾਹਿਤ, ਪੰਨਾ ਨੰ: 171
8. ਡਾ. ਸੁਰਜੀਤ, ਨਵੀਂ ਪੰਜਾਬੀ ਕਵਿਤਾ: ਪਛਾਣ ਤੇ ਸਰੋਕਾਰ (ਸੰਪਾਦਕ ਡਾ. ਗੁਰਇਕਬਾਲ ਸਿੰਘ, ਪੰਜਾਬੀ ਅਲੋਚਨਾ ਅਤੇ ਚਿੰਤਨ ਪ੍ਰਣਾਲੀਆਂ ਪੰਨਾ ਨੰ: 88
9. ਕਰਮ ਸਿੰਘ ਜ਼ਖਮੀ, ਤੁਪਕੇ 'ਚੋਂ ਸਮੁੰਦਰ, ਪੰਨਾ: 60
10. ਤ੍ਰੈਲੋਚਨ ਲੋਚੀ, ਦੋ ਗ਼ਜ਼ਲਾਂ, ਤ੍ਰਿਸ਼ੰਕੂ (ਜੁਲਾਈ-ਦਸਬੰਰ 2011 ਪੰਨਾ: 53)



ਇਸ ਨਵੀਂ ਕਵਿਤਾ ਬਾਰੇ ਡਾ. ਸੁਰਜੀਤ ਲਿਖਦਾ ਹੈ: " ਨਵੀਂ ਕਵਿਤਾ ਵਰਤਮਾਨ ਉਪਭੋਗੀ ਸਭਿਆਚਾਰ ਦੇ ਫੈਲਾਉ, ਵਿਅਕਤੀ ਦੀ ਹਸਤੀ ਬਜਾਇ ਮੰਡੀ, ਮੁੱਲ ਦਾ ਹਾਣੀ ਹੋਣਾ ਅਤੇ ਭਾਸ਼ਾ ਨੂੰ ਪਾਰਦਰਸ਼ੀ ਸੂਚਨਾਤਮਕ ਮਾਧਿਅਮ ਬਣਾ ਦਿੱਤਾ ਜਾਣ ਦੀ ਪ੍ਰਤਿਕ੍ਰਿਆ ਵਿਚ ਇਕ ਅਜਿਹਾ ਕਾਵਿ ਸਿਰਜਦੀ ਹੈ। ਜਿਸ ਵਿਚ ਭਾਸ਼ਾ ਪ੍ਰਕ੍ਰਿਤੀ, ਮਨੁੱਖ ਤੇ ਸਭਿਆਚਾਰ ਦੀ ਪਦਾਰਥਕਤਾ ਨੂੰ ਉਭਾਰਿਆ ਹੁੰਦਾ ਹੈ।" 8
ਅਜੋਕੇ ਦੌਰ ਵਿੱਚ ਔਰਤ ਬਰਾਬਰਤਾ ਦਾ ਭਰਮ ਜਾਲ ਸਿਰਜ ਕੇ ਔਰਤ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਰਮ ਸਿੰਘ 'ਜ਼ਖਮੀ' ਅਨੁਸਾਰ ਅਜੇ ਵੀ ਔਰਤ ਦਾ ਮੁੱਲ ਪਸ਼ੂਆਂ ਡੰਗਰਾਂ ਵਾਂਗ ਹੀ ਹੈ:-

ਆਖਣ ਨੂੰ ਹੀ ਔਰਤ, ਮਰਦ ਬਰਾਬਰ ਹੈ
ਮੁੱਲ ਅਜੇ ਵੀ ਪੈਂਦਾ ਮੱਝਾਂ ਗਾਵਾਂ ਵਾਂਗ

ਤ੍ਰੈਲੋਚਣ ਲੋਚੀ ਦੇ ਕਾਵਿ-ਸ਼ਬਦਾਂ ਅਨੁਸਾਰ:-

ਹੁਣ ਨਾ ਪੈਂਦੀ ਧੀ ਨੂੰ ਲੋੜ ਸਵੰਬਰ ਦੀ
ਮੰਡੀ 'ਚੋਂ ਹੀ ਲਭ ਬਥੇਰੇ ਵਰ ਜਾਂਦੇ [10]

ਉਪਰੋਕਤ ਵਿਚਾਰ ਚਰਚਾ ਵਿੱਚ ਨਾਰੀ ਸੰਬੰਧੀ ਕੁਝ ਕੁ ਨੁਕਤਿਆਂ ਨੂੰ ਵਿਚਾਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਉਂਜ ਨਾਰੀ ਸਰੋਕਾਰਾਂ ਦੀ ਨਿਸ਼ਾਨਦੇਹੀ ਕਰਨੀ ਕੋਈ ਸੁਖਾਲਾ ਕਾਰਜ ਨਹੀਂ ਕਿਉਂਕਿ ਇਸ ਦੇ ਵਿਰਾਟ ਰੂਪ ਨੂੰ ਖੋਜ਼ ਪੱਤਰ ਵਿੱਚ ਸਮੇਟਣਾ ਅਸੰਭਵ ਹੈ। ਸਮੇਂ ਦੀ ਮੰਗ ਹੈ ਕਿ ਨਾਰੀ ਦੇ ਅਸਤਿੱਤਵ ਦੀ ਸਹੀ ਪੁਣ-ਛਾਣ ਕੀਤੀ ਜਾਵੇ।

**ਹਵਾਲੇ ਤੇ ਟਿੱਪਣੀਆਂ:**


1. ਮਨਜੀਤ ਟਿਵਾਣਾ, ਦਰਗਾਹ, ਪੰਨਾ:11
2. ਪਾਲ ਕੌਰ, ਖਲਾਅਵਾਸੀ, ਪੰਨਾ: 118
3. ਮਨਜੀਤ ਟਿਵਾਣਾ, ਇਲਹਾਮ, ਪੰਨਾ: 38
4. ਉਹੀ, ਪੰਨਾ: 39
5. ਸੁਖਵਿੰਦਰ ਅੰਮ੍ਰਿਤ, ਪਤਝੜ ਵਿਚ ਪੁੰਗਰਦੇ ਪੱਤੇ, ਪੰਨਾ ਨੰ:44
6. ਵਨੀਤਾ, ਸੁਪਨਿਆਂ ਦੀ ਪਗਡੰਡੀ, ਪੰਨਾ: 30
7. ਪਾਲ ਕੌਰ, ਟੀ.ਆਰ.ਪੀ, ਸਮਕਾਲੀ ਸਾਹਿਤ, ਪੰਨਾ ਨੰ: 171
8. ਡਾ. ਸੁਰਜੀਤ, ਨਵੀਂ ਪੰਜਾਬੀ ਕਵਿਤਾ: ਪਛਾਣ ਤੇ ਸਰੋਕਾਰ (ਸੰਪਾਦਕ ਡਾ. ਗੁਰਇਕਬਾਲ ਸਿੰਘ, ਪੰਜਾਬੀ ਅਲੋਚਨਾ ਅਤੇ ਚਿੰਤਨ ਪ੍ਰਣਾਲੀਆਂ ਪੰਨਾ ਨੰ: 88
9. ਕਰਮ ਸਿੰਘ ਜ਼ਖਮੀ, ਤੁਪਕੇ ’ਚੋਂ ਸਮੁੰਦਰ, ਪੰਨਾ: 60
10. ਤ੍ਰੈਲੋਚਨ ਲੋਚੀ, ਦੋ ਗ਼ਜ਼ਲਾਂ, ਤ੍ਰਿਸ਼ੰਕੂ (ਜੁਲਾਈ-ਦਸਬੰਰ 2011 ਪੰਨਾ: 53)